**PUNJAB STATE TRANSMISSION CORPORATION LIMITED.**
Office: SE/ Admn. & HR- Training Cell, Shakti Vihar, Patiala.

To

1. Chief Engineer/ TS, PSTCL, Patiala
2. Chief Engineer / SLDC, PSTCL, Ablowal, Patiala
3. Chief Engineer / P & M, PSTCL, Ludhiana
4. Chief Engineer /HR, IT, S&D PSTCL, Patiala
5. C.F.O. (Corporate Accounts), PSTCL, Patiala.
6. C.A.O. (Finance & Audit) PSTCL, Patiala
7. Company Secretary, PSTCL, Patiala
8. All Dy.CEs/SEs of PSTCL, Patiala
9. All Addl.SEs/Sr.Xens, PSTCL, Patiala

**MemoNo. 818/26 /Sr.Xen/TC/240 Dated :08.07.2019**

ਵਿਸ਼ਾ: **PSTCL ਵੱਲੋਂ ਸੀ.ਆਰ.ਏ 03/2016 ਰਾਹੀਂ ਭਰਤੀ ਹੋਏ ਤੇ ਤਰਸ ਦੇ ਅਧਾਰ ਤੇ ਨਿਯੁਕਤ ਹੋਏ ਅਤੇ ਬਾਅਦ ਵਿੱਚ ਭਰਤੀ ਹੋਣ ਵਾਲੇ ਉ.ਸ੍ਰੇ.ਕ (ਜਰਨਲ ਅਤੇ ਅਕਾਉਂਟਸ) ਅਤੇ ਹੋਰ ਸ੍ਰੇਣੀਆਂ ਦੇ ਕਰਮਚਾਰੀਆਂ ਵਾਸਤੇ ਨਿਰਧਾਰਤ ਅੰਗਰੇਜ਼ੀ ਅਤੇ ਪੰਜਾਬੀ ਟਾਈਪਿੰਗ ਟੈਸਟ ਲੈਣ ਬਾਰੇ – ਗਾਇਡ ਲਾਈਨਜ਼।**

PSTCL ਵੱਲੋਂ ਸੀ.ਆਰ.ਏ. 03/2016 ਰਾਹੀਂ ਭਰਤੀ ਹੋਏ ਅਤੇ ਤਰਸ ਦੇ ਅਧਾਰ ਤੇ ਨਿਯੁਕਤ ਹੋਏ ਉ.ਸ੍ਰੇ.ਕ. (ਜਨਰਲ ਅਤੇ ਅਕਾਉਂਟਸ) ਦੇ ਨਿਯੁਕਤੀ ਪੱਤਰਾਂ ਵਿੱਚ ਅੰਗਰੇਜ਼ੀ/ਪੰਜਾਬੀ ਟਾਈਪ ਟੈਸਟ ਪਾਸ ਕਰਨ ਲਈ ਲਗਾਈ ਸ਼ਰਤ ਅਨੁਸਾਰ, ਅਤੇ ਬਾਅਦ ਵਿੱਚ ਭਰਤੀ ਹੋਣ ਵਾਲੇ ਉ.ਸ੍ਰੇ.ਕ. (ਜਨਰਲ ਅਤੇ ਅਕਾਉਂਟਸ) ਅਤੇ ਹੋਰ ਸ੍ਰੇਣੀਆਂ ਦੇ ਕਰਮਚਾਰੀਆਂ ਦਾ (ਨਿਯੁਕਤੀ ਪੱਤਰਾਂ ਦੀ ਸ਼ਰਤ ਅਨੁਸਾਰ) **ਅੰਗਰੇਜ਼ੀ/ਪੰਜਾਬੀ ਕੰਪਿਊਟਰ ਟਾਈਪ ਟੈਸਟ ਕਰਵਾਉਣ ਲਈ ਹੇਠ ਲਿਖੇ ਅਨੁਸਾਰ ਗਾਇਡ ਲਾਈਨਜ਼ (Guide Lines) ਜਾਰੀ ਕੀਤੀਆਂ ਜਾਂਦੀਆਂ ਹਨ:-**

1) ਸੀ.ਆਰ.ਏ. 03/2016 ਰਾਹੀਂ ਭਰਤੀ ਹੋਏ ਤੇ ਬਾਅਦ ਵਿੱਚ ਭਰਤੀ ਹੋਣ ਵਾਲੇ ਅਤੇ ਤਰਸ ਦੇ ਅਧਾਰ ਤੇ ਨਿਯੁਕਤ ਹੋਏ ਉ.ਸ੍ਰੇ.ਕ (ਜਨਰਲ) ਅਤੇ ਉ.ਸ੍ਰੇ.ਕ (ਅਕਾਉਂਟਸ) ਅਤੇ ਹੋਰ ਸ੍ਰੇਣੀਆਂ ਦੇ ਕਰਮਚਾਰੀ ਜਿਹੜੇ field offices/Head Quarters Offices ਵਿਖੇ ਤੈਨਾਤ ਹਨ ਉਨ੍ਹਾਂ ਕਰਮਚਾਰੀਆਂ ਦਾ ਅੰਗਰੇਜ਼ੀ ਅਤੇ ਪੰਜਾਬੀ ਟਾਈਪ ਟੈਸਟ 20 ਸ਼ਬਦ ਪ੍ਰਤੀ ਮਿੰਟ ਗਤੀ ਤੇ ਲੈਣ ਲਈ ਉਨ੍ਹਾਂ ਦੇ ਸਬੰਧਤ HODs ਅਧਿਕਾਰਤ ਹੋਣਗੇ। ਉਹ ਆਪਣੇ ਅਧੀਨ ਸਬੰਧਤ ਸੀਨੀ.ਕਾ.ਕਾ.ਇੰਜੀ. ਜਾਂ ਉਨ੍ਹਾਂ ਦੇ ਬਰਾਬਰ ਦੇ ਰੈਂਕ ਦੇ ਅਧਿਕਾਰੀ ਅਤੇ ਹੋਰ ਸਟਾਫ਼ ਦੀ Co-operation ਨਾਲ ਆਪਣੀ ਸੰਸਥਾ ਅਧੀਨ ਤੈਨਾਤ ਕਰਮਚਾਰੀਆਂ ਤੋਂ ਟੈਸਟ ਲੈਣਗੇ। ਇਹ ਟਾਈਪ ਟੈਸਟ ਲੈਣ ਲਈ ਕੰਪਿਊਟਰਜ਼ ਦੇ Arrangement HODs ਵੱਲੋਂ ਆਪਣੇ ਪੱਧਰ ਤੇ ਕੀਤੇ ਜਾਣਗੇ।ਸਬੰਧਤ HODs ਆਪਣੇ ਪੱਧਰ ਤੇ ਕੰਪਿਊਟਰ ਟਾਈਪ ਟੈਸਟ ਲੈ ਕੇ ਪਾਸ ਹੋਣ ਵਾਲੇ ਕਰਮਚਾਰੀਆਂ ਦੀਆਂ ਸੇਵਾ-ਪੱਤਰੀਆਂ ਵਿੱਚ ਇੰਦਰਾਜ਼ ਕਰਵਾਉਣਗੇ।

   Chief Engineer/HIS & D ਅਧੀਨ ਆਉਂਦੇ ਦਫ਼ਤਰ ਜਾਂ ਜਿਹੜੇ ਦਫ਼ਤਰਾਂ ਵਿੱਚ HODs ਨਹੀਂ ਹਨ, ਉਨ੍ਹਾਂ ਕਰਮਚਾਰੀਆਂ ਦਾ ਇਹ ਟੈਸਟ SE/HR&Admn.,PSTCL ਅਧੀਨ Sr.Xen/Training Cell, PSTCL, Patiala ਵੱਲੋਂ ਲੈ ਲਿਆ ਜਾਵੇਗਾ।

   ਕਿਸੇ ਵੀ ਕਰਮਚਾਰੀ ਨੂੰ ਆਪਣੇ ਲੈਪਟਾਪ ਜਾਂ ਹੋਰ ਕੋਈ ਇਲੈਕਟ੍ਰੋਨਿਕ ਡਿਵਾਇਸ ਜਿਸ ਤੇ ਉਹ ਟੈਸਟ ਦੇ ਸਕਦਾ ਹੋਵੇ ਲਿਆਉਣ ਦੀ ਇਜ਼ਾਜਤ ਨਹੀਂ ਹੋਵੇਗੀ।

2) ਅੰਗਰੇਜ਼ੀ ਟਾਈਪ 20 ਸ਼ਬਦ ਪ੍ਰਤੀ ਮਿੰਟ ਦੇ ਹਿਸਾਬ ਨਾਲ ਅਤੇ ਪੰਜਾਬੀ ਟਾਈਪ 20 ਸ਼ਬਦ ਪ੍ਰਤੀ ਮਿੰਟ ਦੇ ਹਿਸਾਬ ਨਾਲ ਲਿਆ ਜਾਵੇਗਾ ਅਤੇ ਟਾਈਪ ਲਈ 300 ਸ਼ਬਦ ਦਾ ਪੈਰ੍ਹਾ ਰੱਖਿਆ ਜਾਵੇਗਾ।
3) ਇਹ ਟੈਸਟ ਕੰਪਿਊਟਰ ਤੇ ਲਏ ਜਾਣਗੇ ਅਤੇ ਅੰਗਰੇਜ਼ੀ ਟਾਈਪ ਲਈ Arial or Times New Roman (FONT) ਅਤੇ ਪੰਜਾਬੀ ਲਈ Asees or Raavi (FONT) ਰੱਖਿਆ ਜਾਵੇਗਾ।
4) ਇਹ ਟੈਸਟ ਸਾਲ ਵਿੱਚ 2 ਵਾਰੀ ਸਬੰਧਿਤ ਦਫ਼ਤਰ ਵੱਲੋਂ ਕੰਡਕਟ ਕਰਵਾਏ ਜਾਣਗੇ। ਇਸ ਸਬੰਧੀ ਉਮੀਦਵਾਰਾਂ ਵੱਲੋਂ ਨੱਥੀ ਪ੍ਰਫਾਰਮੇ (ਅਨੁਲੱਗ 'ੳ') ਤੇ ਇਹ ਟੈਸਟ ਦੇਣ ਲਈ ਅਪਲਾਈ ਕੀਤਾ ਜਾਵੇਗਾ।
5) ਟਾਈਪ ਕੀਤੇ ਜਾਣ ਵਾਲੇ ਪੈਰ੍ਹੇ ਨੂੰ save ਕਰਨ ਦੀ ਜਿੰਮੇਵਾਰੀ ਉਮੀਦਵਾਰ ਦੀ ਹੋਵੇਗੀ।

contd...

ਉਪਰੋਕਤ ਤੋਂ ਇਲਾਵਾ ਪੰਜਾਬੀ/ਅੰਗਰੇਜੀ ਟਾਈਪ ਟੈਸਟ ਚੈੱਕ ਕਰਨ ਵੇਲੇ ਹੇਠ ਲਿਖੇ ਅਨੁਸਾਰ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ:-

1) ਸ਼ਬਦ ਗਿਣਦੇ ਸਮੇਂ ਪੂਰਨ ਵਿਸ਼ਰਾਮ ਅਤੇ ਪ੍ਰਸ਼ਨ ਚਿੰਨ੍ਹਾਂ (?) ਨੂੰ ਪੂਰਾ-ਪੂਰਾ ਗਿਣਿਆ ਜਾਵੇਗਾ। ਇਸ ਲਈ ਪੂਰਨ ਵਿਸ਼ਰਾਮ ਅਤੇ ਪ੍ਰਸ਼ਨ ਚਿੰਨ੍ਹ ਛੱਡਣ ਦੀ ਵੀ ਇੱਕ ਗ਼ਲਤੀ ਗਿਣੀ ਜਾਵੇਗੀ। ਬਾਕੀ ਵਿਸ਼ਰਾਮ ਚਿੰਨ੍ਹ ਕਾਮਾ (,) ਬਿੰਦੀ ਕਾਮਾ (;) ਵਿਸਮਿਕ ਚਿੰਨ੍ਹ (:) ਅਤੇ ਜੋੜਨੀ (-) ਸ਼ਬਦਾਂ ਵਿੱਚ ਨਹੀਂ ਗਿਣੇ ਜਾਣਗੇ ਇਸ ਲਈ ਇਨ੍ਹਾਂ ਵਿਸ਼ਰਾਮ ਚਿੰਨ੍ਹਾਂ ਦੀ ਕੋਈ ਗ਼ਲਤੀ ਨਹੀਂ ਹੋਵੇਗੀ।
2) ਹਰ ਗ਼ਲਤ ਟਾਈਪ ਕੀਤੇ ਹੋਏ ਸ਼ਬਦ ਦੀ ਇੱਕ ਗ਼ਲਤੀ ਹੋਵੇਗੀ।
3) ਪਰਚੇ ਵਿੱਚ ਪੈਰ੍ਹਾ ਛੱਡਿਆ ਗਿਆ ਹੋਵੇ ਪਰ ਉਮੀਦਵਾਰ ਪੈਰ੍ਹਾ ਨਾ ਛੱਡੇ ਤਾਂ ਇੱਕ ਗ਼ਲਤੀ ਗਿਣੀ ਜਾਵੇਗੀ।
4) ਅੱਧਕ ਜਾਂ ਲਗਾਂ ਮਾਤਰਾ ਲਗਾਉਣ ਜਾਂ ਛੱਡਣ ਨਾਲ ਜੇ ਕਿਸੇ ਸ਼ਬਦ ਦਾ ਅਰਥ ਬਦਲ ਜਾਵੇ ਤਾਂ ਅੱਧੀ ਗ਼ਲਤੀ ਮੰਨੀ ਜਾਵੇਗੀ ਅਤੇ ਜੇਕਰ ਕੋਈ ਫਰਕ ਨਹੀਂ ਪੈਂਦਾ ਤਾਂ ਕੋਈ ਗ਼ਲਤੀ ਨਹੀਂ ਹੋਵੇਗੀ।
5) ਹਰ ਛੱਡੇ ਗਏ ਜਾਂ ਵਾਧੂ ਟਾਈਪ ਕੀਤੇ ਗਏ ਸਬਦਾਂ ਦੀਆਂ ਗ਼ਲਤੀਆਂ ਮੰਨੀਆਂ ਜਾਣਗੀਆਂ।
6) ਪੈੱਨ ਜਾਂ ਪੈਨਸਿਲ ਨਾਲ ਕੀਤੀ ਹੋਈ ਸੋਧ ਗ਼ਲਤੀ ਮੰਨੀ ਜਾਵੇਗੀ।
7) ਵੱਧ ਸਪੇਸ ਛੱਡਣ ਦੀ ਕੋਈ ਗ਼ਲਤੀ ਨਹੀਂ ਪਰ ਜੇ ਸ਼ਬਦ ਜੁੜਵੇਂ ਟਾਈਪ ਕੀਤੇ ਹੋਣ ਤਾਂ ਅੱਧੀ ਗ਼ਲਤੀ ਹੋਵੇਗੀ।
8) ਸ਼ਬਦ ਗਿਣਦੇ ਸਮੇਂ ਗਿਣਤੀ ਸਟਰੋਕਾਂ ਦੀ ਥਾਂ ਸ਼ਬਦਾਂ ਦੀ ਹੀ ਕੀਤੀ ਜਾਵੇਗੀ।
9) ਸਵਾਲੀਆ ਪਰਚੇ ਵਿੱਚ ਜਿੱਥੇ ਸਟਾਪ (ਫੁੱਲ ਸਟਾਪ) ਦਰਸਾਇਆ ਗਿਆ ਹੈ, ਜੇਕਰ ਉਮੀਦਵਾਰ ਨੇ ਜਵਾਬੀ ਪਰਚੇ ਵਿੱਚ ਸਟਾਪ ਨਹੀਂ ਲਗਾਇਆ ਜਾਂ ਗ਼ਲਤ ਲਗਾਇਆ ਹੈ ਤਾਂ ਗਲਤੀ ਮੰਨੀ ਜਾਵੇਗੀ।
10) ਟਾਈਪ ਪਰੀਖਿਆ ਵਿੱਚ 8% ਗ਼ਲਤੀਆਂ ਮਾਫ਼ ਹੋਣਗੀਆਂ ਭਾਵ 300 ਸ਼ਬਦ ਟਾਈਪ ਕਰਨ ਵੇਲੇ 24 ਗ਼ਲਤੀਆਂ ਮਾਫ਼ ਹੋਣਗੀਆਂ।
11) ਇੱਕੋ ਸ਼ਬਦ ਨੂੰ ਵਾਰ-ਵਾਰ ਗ਼ਲਤ ਟਾਈਪ ਕਰਨ ਦੀ ਇੱਕੋ ਗਲਤੀ ਮੰਨੀ ਜਾਵੇਗੀ।
12) ਸਪੀਡ ਕੱਢਣ ਲਈ ਉਦਾਹਰਣ

| | | |
|---|---|---|
| ਕੁੱਲ ਟਾਈਪ ਕੀਤੇ ਸ਼ਬਦ | : | 300 |
| ਮਾਫ਼ ਗ਼ਲਤੀਆਂ | : | 24 |
| ਕੁੱਲ ਕੀਤੀਆਂ ਗਈਆਂ ਗ਼ਲਤੀਆਂ | : | 39 |
| 8% ਦੇ ਹਿਸਾਬ ਨਾਲ ਵਾਧੂ ਕੀਤੀਆਂ ਗ਼ਲਤੀਆਂ | : | 39-24=15 |

ਸਪੀਡ $= \frac{\text{ਕੁੱਲ ਸ਼ਬਦ-ਵਾਧੂ ਕੀਤੀਆਂ ਗ਼ਲਤੀਆਂ}}{\text{ਸਮਾਂ}}$

$= \frac{300-15}{15}$ = 19 ਸ਼ਬਦ ਪ੍ਰਤੀ ਮਿੰਟ

ਇੱਥੇ ਇਹ ਵੀ ਸ਼ਪੱਸ਼ਟ ਕੀਤਾ ਜਾਂਦਾ ਹੈ ਕਿ ਇਸ ਮਾਮਲੇ ਸਬੰਧੀ ਜੇਕਰ ਕੋਈ ਵੀ ਕਲੈਰੀਫ਼ਿਕੇਸ਼ਨ/ਸੇਧ ਦੀ ਜਰੂਰਤ ਹੈ ਤਾਂ Sr.Xen/Training Cell ਅਧੀਨ SE/HR&Admn.,PSTCL, Patiala ਨਾਲ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ।

ਇਹ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ

**ਨੱਥੀ- ਅਨੁਲੱਗ 'ੳ'**

Sr.Xen/Training Cell.
PSTCL, Patiala

ਪਿੱਠ ਅੰਕਣ ਨੰ. 827/31 /Sr.Xen/TC/240 ਮਿਤੀ: 08.07.2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗ਼ਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1. Sr. PS to CMD, PSTCL, Patiala
2. PS to Director/Technical, PSTCL, Patiala
3. PS to Director/F & C, PSTCL, Patiala
4. PS to Director/ Admin., PSTCL, Patiala
5. Sr.Xen/IT, PSTCL, Patiala with the request to upload and highlight it as new item on the home page of PSTCL's website.

Sr.Xen/Training Cell.
PSTCL, Patiala

# ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

(ਦਫ਼ਤਰ: ____________________________________________)

ਨੋਟ: ਕੇਵਲ ਪੀ.ਐਸ.ਟੀ.ਸੀ.ਐਲ. ਸੰਸਥਾ ਵੱਲੋਂ ਨਿਯੁਕਤ ਕੀਤੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਹੀ ਬਿਨੈ ਫ਼ਾਰਮ ਭਰੇ ਜਾਣ ਅਤੇ ਅਧੂਰਾ ਭਰਿਆ ਬਿਨੈ-ਫ਼ਾਰਮ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਤੁਰੰਤ ਰੱਦ ਕਰ ਦਿੱਤਾ ਜਾਵੇਗਾ(ਜਿਹੜਾ ਲਾਗੂ ਹੁੰਦਾ ਕੱਟਿਆ ਜਾਵੇ)।

ਪਹਿਲਾ ਸ਼ੈਸਨ: ਦੂਜਾ ਸ਼ੈਸਨ:

1. ਉਮੀਦਵਾਰ ਦਾ ਨਾਂ ਪੰਜਾਬੀ ਵਿੱਚ :____________ ____________

   (ਮੋਟੇ ਅੱਖਰਾਂ ਵਿੱਚ) ਅੰਗ੍ਰੇਜੀ ਵਿੱਚ :____________ ____________

ਤਾਜ਼ਾ ਰੰਗਦਾਰ ਪਾਸਪੋਰਟ ਸ਼ਾਈਜ਼ ਤਸਦੀਕ ਸ਼ੁਦਾ ਫੋਟੋ

2. (ੳ) ਅਹੁਦਾ (ਇਲੈਕ:/ਸਿਵਲ) :____________________

   (ਅ) ਇੰਪ.ਕੋਡ:ਨੰ. :____________________

3. ਪਿਤਾ ਦਾ ਨਾਂ :____________________

4. ਜਨਮ ਮਿਤੀ :____________________

5. ੳ) ਪਹਿਲੀ ਨਿਯੁਕਤੀ ਦੀ ਮਿਤੀ ਸਮੇਤ ਅਹੁਦਾ :____________________

   ਅ) ਮੌਜੂਦਾ ਅਸਾਮੀ ਤੇ ਰੈਗੁਲਰ ਲੱਗਣ ਦੀ ਮਿਤੀ :____________________

   ੲ) ਕੀ ਕਰਮਚਾਰੀ ਰੈਗੁਲਰ ਜਾਂ ਐਡਹਾਕ ਹੈ? :____________________

   ਸ) ਕੀ ਤੁਹਾਡੀ ਨਿਯੁਕਤੀ ਅਗੇਤ ਆਧਾਰ ਤੇ ਹੋਈ ਹੈ :____________________

   ਹ) ਜਿਸ ਦਫ਼ਤਰ ਵਿੱਚ ਕੰਮ ਕਰਦੇ ਹੋ ਦਾ ਪੂਰਾ ਪਤਾ :____________ ________________

   ਡਾਕ:__________ਤਹਿ. ਤੇ ਜਿਲ੍ਹਾ____________

   ਕ) ਕੰਟਰੋਲਿੰਗ ਦਫ਼ਤਰ ਦਾ ਪੂਰਾ ਪਤਾ :__________________ ______________

6. ਕਰਮਚਾਰੀ ਦੇ ਸੇਵਾ-ਵੇਰਵੇ ਲੜੀ ਨੰ: 1 ਤੋਂ 6 ਤੱਕ
   ਸੇਵਾ-ਪੱਤਰੀ ਤੋਂ ਤਸਦੀਕ ਕੀਤੇ ਜਾਂਦੇ ਹਨ ਅਤੇ ਠੀਕ ਹਨ।

   ਸੁਪਰਡੈਂਟ/ਲੇਖਾ ਅਫ਼ਸਰ ਦੀ ਮੋਹਰ
   ਸਮੇਤ ਹਸਤਾਖ਼ਰ

7) ੳ) ਪਹਿਲਾ ਪਾਸ ਕੀਤੇ ਟਾਇਪ ਟੈਸਟ ਦਾ ਵੇਰਵਾ ਸ਼ੈਸਨ ਪਾਸ ਕੀਤਾ ਟਾਇਪ ਟੈਸਟ
   (ਪ੍ਰੀਖਿਆਰਥੀ ਦੁਆਰਾ ਭਰਿਆ ਜਾਵੇ)

   ਅ) ਜਿਹੜੇ ਟਾਇਪ ਵਿੱਚ ਟੈਸਟ ਬੈਠਣਾ ਚਾਹੁੰਦੇ ਹੋ ? (ਟਿੱਕ ਕਰੋ) : ਪੰਜਾਬੀ ਟਾਈਪ, ਇੰਗਲਿਸ਼ ਟਾਈਪ ਟੈਸਟ, ਦੋਨੋ

ਚਲਦਾ ਪੰਨਾ......2

# <u>ਬਿਆਨ</u>

ਮੈਂ________________________________ਜੋ ਕਿ______________________________ਦਫ਼ਤਰ ਵਿੱਚ ਬਤੌਰ__________ ਸੇਵਾ ਕਰਦਾ ਹਾਂ/ਕਰਦੀ ਹਾਂ ਕਿ ਉਪਰੋਕਤ ਦਿੱਤੀ ਗਈ ਸ਼ਰਤ ਸਹੀ ਹੈ ਅਤੇ ਇਸ ਵਿੱਚ ਕੁੱਝ ਵੀ ਛੁਪਾ ਕੇ ਨਹੀਂ ਰੱਖਿਆ ਗਿਆ ਅਤੇ ਮੈਂ ਇਸ ਪ੍ਰੀਖਿਆ ਵਿੱਚ ਬੈਠਣ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ/ਕਰਦੀ ਹਾਂ।

ਇਹ ਵੀ ਤਸਦੀਕ ਕਰਦਾ/ਕਰਦੀ ਹਾਂ ਕਿ ਮੈਂ ਉਪਰੋਕਤ ਪ੍ਰੀਖਿਆ ਜਿਸ ਲਈ ਮੈਂ ਬਿਨੈ-ਫ਼ਾਰਮ ਭਰਿਆ ਹੈ ਵਿੱਚ ਜਰੂਰ ਭਾਗ ਲਵਾਂਗਾ/ਲਵਾਂਗੀ।

ਉਮੀਦਵਾਰ ਦੇ ਹਸਤਾਖ਼ਰ

ਮੋਬਾਇਲ ਨੰ:_______________

ਪਿੱਠ ਅੰਕਣ ਨੰ:____________

ਮਿਤੀ:________________

__________________________________________________ਦਫ਼ਤਰ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਪ੍ਰੀਖਿਆਰਥੀ <u>ਪੰਜਾਬੀ ਟਾਈਪ,ਇੰਗਲਿਸ਼ ਟਾਈਪ ਟੈਸਟ</u> ਦੀ ਪ੍ਰੀਖਿਆ ਵਿੱਚ ਬੈਠਣ ਯੋਗ ਹੈ।

ਕੰਟਰੋਲਿੰਗ ਦਫ਼ਤਰ ਦੇ ਮੁਖੀ ਦੀ ਮੋਹਰ

ਸਮੇਤ ਹਸਤਾਖ਼ਰ

**ਸਪੈਸ਼ਲ ਨੋਟ :- ਜੇਕਰ ਕੋਈ ਕੰਟਰੈਕਟ/ ਐਡਹਾਕ ਕਰਮਚਾਰੀ ਕੰਟਰੈਕਟਪਣ/ ਐਡਹਾਕਪਣ ਦਾ ਤੱਥ ਛੁਪਾ ਕੇ ਇਸ ਪ੍ਰੀਖਿਆਂ ਵਿਚ ਭਾਗ ਲੈਂਦਾ ਹੈ ਤਾਂ ਉਸ ਨੂੰ ਇਸ ਪ੍ਰੀਖਿਆ ਦਾ ਕੋਈ ਲਾਭ ਨਹੀਂ ਦਿੱਤਾ ਜਾਵੇਗਾ ਅਤੇ ਉਸ ਵਿਰੁੱਧ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ।**